*All rights reserved by the Author.*

ਗੁਰਬਾਣੀ ਇਸੁ ਜਗ ਮਹਿ ਚਾਨਣੁ ਕਰਮਿ ਵਸੈ ਮਨਿ ਆਏ ।

# ਗੁਰਮਤਿ ਨਿਰਣਯ


ਕ੍ਰਿਤ

**ਭਾਈ ਜੋਧ ਸਿੰਘ ਐਮ. ਏ.**

ਧਾਰਮਕ ਪ੍ਰੋਫੈਸਰ ਖ਼ਾਲਸਾ ਕਾਲਜ
ਸ੍ਰੀ ਅੰਮ੍ਰਿਤਸਰ ਜੀ ।


---


"ਕਪੂਰ ਆਰਟ ਪ੍ਰਿੰਟਿੰਗ ਵਰਕਸ" ਲਾਹੌਰ ਵਿੱਚ
ਲਾਲਾ ਗੁਰਾਂ ਦਿੱਤਾ ਮਲ ਕਪੂਰ ਪ੍ਰਿੰਟਰ ਨੇ
ਛਾਪੀ ਤੇ ਕਰਤਾ ਵਲੋਂ ਸ੍ਰੀ ਅੰਮ੍ਰਿਤਸਰ
ਜੀ ਤੋਂ ਪ੍ਰਕਾਸ਼ਤ ਹੋਈ ।

ਅਕਤੂਬਰ ੧੯੩੨

ਪਹਿਲੀ ਵੇਰ ਗਿਣਤੀ ੧੦੦੦ ਮੁੱਲ ੧।।।=)

All rights reserved by the author.

ਗੁਰਬਾਣੀ ਇਸੁ ਜਗ ਮਹਿ ਚਾਨਣੁ ਕਰਮਿ ਵਸੈ ਮਨਿ ਆਇ ।

# ਗੁਰਮਤਿ ਨਿਰਣਯ

ਕ੍ਰਿਤ

**ਭਾਈ ਜੋਧ ਸਿੰਘ ਐਮ. ਏ.**

ਧਾਰਮਕ ਪ੍ਰੋਫੈਸਰ ਖਾਲਸਾ ਕਾਲਜ

ਸ੍ਰੀ ਅੰਮ੍ਰਿਤਸਰ ਜੀ ।

DYAL SINGH LAHORE. LIBRARY.

"ਕਪੂਰ ਆਰਟ" ਪ੍ਰਿੰਟਿੰਗ ਵਰਕਸ ਲਾਹੌਰ ਵਿਚੋਂ
ਲਾਲਾ ਗੁਰਾਂ ਦਿੱਤਾ ਮਲ ਕਪੂਰ ਪ੍ਰਿੰਟਰ ਨੇ
ਛਾਪੀ ਤੇ ਕਰਤਾ ਵਲੋਂ ਸ੍ਰੀ ਅੰਮ੍ਰਿਤਸਰ
ਜੀ ਤੋਂ ਪ੍ਰਕਾਸ਼ਤ ਹੋਈ ।

ਅਕਤੂਬਰ ੧੯੩੨

ਪਹਿਲੀ ਵੇਰ    ਗਿਣਤੀ ੧੦੦੦    ਮੁਲ ਸਣੇ ਜਿਲਦ ੨।)

# ਉੱਥਾਨਕਾ

ਇਸ ਪੁਸਤਕ ਦੇ ਲਿਖੇ ਤੇ ਪ੍ਰਕਾਸ਼ਤ ਹੋਣ ਦਾ ਅਤਿ ਸਮੀਪੀ ਕਾਰਨ ਤੇ ਵਿਥਿਆ ਇਸ ਪ੍ਰਕਾਰ ਹੈ।

੧੯੨੯ ਦੀਆਂ ਗਰਮੀਆਂ ਦੀਆਂ ਛੁਟੀਆਂ ਦੇ ਮਗਰੋਂ ਖਾਲਸਾ ਕਾਲਜ ਦੇ ਕੁਝ ਇਕ ਅਧਿਆਪਕਾਂ ਤੇ ਵਿਦਯਾਰਥੀਆਂ ਇਹ ਇੱਛਿਆ ਪ੍ਰਗਟ ਕੀਤੀ ਕਿ ਸਿਖ ਧਰਮ ਦੇ ਸਿਧਾਂਤਾਂ ਤੇ ਸਾਧਨਾਂ ਪੁਰ ਖਾਸ ਲੈਕਚਰ ਦਿਤੇ ਜਾਣ। ਮੇਰੇ ਪਾਸ ਜੋ ਕੁਝ ਮਸਾਲਾ ਪਿਛਲੀ ਖੋਜ ਦਾ ਜਮਾ ਸੀ ਉਸ ਨੂੰ ਰੌਂ ਸਿਰ ਕਰਕੇ ਇਸ ਸੇਵਾ ਨੂੰ ਸਿਰੇ ਚਾੜ੍ਹਨ ਦਾ ਜਤਨ ਕੀਤਾ। ਮਗਰੋਂ ਕਈ ਮਿਤ੍ਰਾਂ ਇਹ ਲਾਲਸਾ ਪ੍ਰਗਟ ਕੀਤੀ ਕਿ ਇਨ੍ਹਾਂ ਲੈਕਚਰਾਂ ਨੂੰ ਪੁਸਤਕ ਦੀ ਸ਼ਕਲ ਵਿੱਚ ਪ੍ਰਕਾਸ਼ਤ ਕੀਤਾ ਜਾਵੇ, ਪ੍ਰੰਤੂ ਮੈਂ ਇਹ ਅਨੁਭਵ ਕੀਤਾ ਕਿ ਉਨ੍ਹਾਂ ਖਿਆਲਾਂ ਨੂੰ ਪੁਸਤਕ ਦਾ ਰੂਪ ਦੇਣ ਤੋਂ ਪਹਿਲਾਂ ਵਧੇਰੀ ਖੋਜ ਤੇ ਮਿਹਨਤ ਦੀ ਲੋੜ ਹੈ। ਸੋ ਉਨ੍ਹਾਂ ਮਿਤ੍ਰਾਂ ਪਾਸੋਂ ਕੁਝ ਮੁਹਲਤ ਮੰਗ ਕੇ ਇਸ ਪ੍ਰਯੋਜਨ ਲਈ ਖਾਸ ਤੌਰ ਪੁਰ ਗੁਰੂ ਗ੍ਰੰਥ ਸਾਹਿਬ ਜੀ ਦਾ ਪਾਠ ਅਰੰਭ ਦਿੱਤਾ। ੧੯੨੯ ਦੀਆਂ ਗਰਮੀ ਦੀਆਂ ਛੁਟੀਆਂ ਵਿਚ ਇਕ ਹੋਰ ਅਮੋਲਕ ਸਹਾਇਤਾ ਮਿਲ ਗਈ। ਭਾਈ ਸਾਹਿਬ ਭਾਈ ਵੀਰ ਸਿੰਘ ਜੀ, ਜਿਨ੍ਹਾਂ ਦਿਆਂ ਗੁਰਮਤ ਸੰਬੰਧੀ ਲੇਖਾਂ ਤੋਂ ਸਾਰਾ ਸਿੱਖ ਸੰਸਾਰ ਜਾਣੂ ਹੈ, ਗਰਮੀਆਂ ਕੱਟਣ ਲਈ ਗੁਲ-ਮਰਗ ਗਏ ਤੇ ਮੈਂ ਵੀ ਉਥੇ ਹੀ ਛੁਟੀਆਂ ਗੁਜ਼ਾਰਨ ਲਈ ਅਪੜਿਆ। ਉਨ੍ਹਾਂ ਨੇ ਬੜੀ ਕ੍ਰਿਪਾ ਤੇ ਪ੍ਰਸੰਨਤਾ ਨਾਲ ਮੈਨੂੰ ਆਪਣਾ ਕੀਮਤੀ ਸਮਾ ਇਸ ਮਤਲਬ ਲਈ ਦਿਤਾ ਕਿ ਲੈਕਚਰਾਂ ਵਿਚ ਬਿਆਨ ਕੀਤੇ ਅਸੂਲਾਂ ਉਤੇ ਮੈਂ ਪੂਰਨ ਵਿਚਾਰ ਉਨ੍ਹਾਂ ਨਾਲ ਕਰ ਲਵਾਂ। ਆਪ ਨੇ ਫਿਰ ਇਸ ਪੁਸਤਕ ਵਿੱਚ ਇਤਨੀ ਦਿਲਚਸਪੀ ਲਈ ਕਿ ੧੯੩੧ ਵਿੱਚ ਜਦੋਂ ਪੁਸਤਕ ਲਿਖੀ ਜਾ ਚੁਕੀ ਤਾਂ ਵੀ ਆਪ ਨੇ ਬਹੁਤ ਸਾਰਾ ਸਮਾ ਦੇ ਕੇ ਅੱਖਰ ਅੱਖਰ ਪੜ੍ਹਿਆ ਤੇ ਆਪਣੀ ਵਡਮੁਲੀ ਵਿਚਾਰ ਤੋਂ ਮੈਨੂੰ ਕ੍ਰਿਤਾਰਥ ਕੀਤਾ। ਫਿਰ ਮੇਰੇ ਬੇਨਤੀ ਕਰਨ ਪੁਰ ਮੁਖਬੰਧ ਲਿਖਣ ਦੀ ਖੇਚਲ ਵੀ ਆਪਣੇ ਜ਼ੁੰਮੇ ਲਈ। ਇਸ ਸਾਰੀ ਸਹਾਇਤਾ ਸਮੇ ਜਿਸ ਪਿਆਰ ਨੂੰ ਆਪ ਨੇ ਵਰਤਿਆ ਉਹਦੀ ਬਿਨਾ ਇਕੋ ਕਾਰਨ ਹੋ ਸਕਦਾ ਹੈ ਕਿ ਆਪ ਦੇ ਦਿਲ ਵਿੱਚ ਗੁਰਮਤ ਪ੍ਰਚਾਰ ਦਾ ਇਤਨਾ ਚਾਉ ਹੈ ਕਿ ਆਪ ਇਕ ਨਿਮਾਣੇ ਤੋਂ ਨਿਮਾਣੇ ਜਤਨ ਦੀ ਸਹਾਇਤਾ ਕਰਨ ਲਈ ਵੀ ਇਤਨੀ

ਖੇਚਲ ਸਹਾਰਨੀ ਪ੍ਰਸੰਨਤਾ ਨਾਲ ਪਰਵਾਨ ਕਰ ਸੱਕਦੇ ਹਨ। ਮੈਂ ਉਨ੍ਹਾਂ ਦੀ ਕ੍ਰਿਪਾਲਤਾ ਦਾ ਰਿਣ ਸ਼ਬਦਾਂ ਦੁਆਰਾ ਉਤਾਰਨੋਂ ਅਸਮਰਥ ਹਾਂ।

ਹਿੰਦੂ ਦਾਰਸ਼ਨਕ ਪੁਸਤਕ ਭਾਵੇਂ ਇਕੋ ਇਕੋ ਰਿਸ਼ੀ ਦੇ ਨਾਮ ਤੇ ਮਸ਼-ਹੂਰ ਹਨ ਪਰ ਨਵੀਨ ਪੱਛਮੀ ਖੋਜੀਆਂ ਦਾ ਨਿਸਚਾ ਹੈ ਕਿ ਇਨ੍ਹਾਂ ਖਿਆਲਾਂ ਨੂੰ ਛੱਟੀਂਦੇ, ਪੁਣੀਂਦੇ ਤੇ ਬਝੀਂਦੇ ਕਈ ਵਰ੍ਹੇ ਲਗੇ ਤੇ ਕਈ ਦਿਮਾਗਾਂ ਦੀ ਸੋਚ ਦਾ ਤੱਤ ਨਿਕਲ ਕੇ ਇਹ ਪੁਸਤਕ ਉਨ੍ਹਾਂ ਖਿਆਲਾਂ ਦੇ ਉੱਘੇ ਆਚਾਰਜਾਂ ਦੇ ਨਾਵਾਂ ਨਾਲ ਸੰਬੰਧਤ ਹੋ ਗਏ। ਇਸ ਲਈ ਕਿਸੇ ਇਕ ਇਕੱਲੇ ਮਨੁਖ ਦਾ ਗੁਰਮਤ ਨੂੰ ਕਿਸੇ ਉਹੋ ਜੇਹੀ ਵਿਓਂਤ ਵਿਚ ਬਿਆਨ ਕਰਨ ਦਾ ਜਤਨ ਕਦੀ ਵੀ ਊਣਤਾਈਆਂ ਤੋਂ ਖਾਲੀ ਨਹੀਂ ਹੋ ਸਕਦਾ ਖਾਸ ਕਰਕੇ ਜਦੋਂ ਇਕ ਹੋਰ ਵਧੀਕ ਔਕੜ ਰਾਹ ਵਿਚ ਹੋਵੇ। ਸਿੱਖੀ ਮਾਰਗ ਇਕ ਜੀਵਨ ਹੈ ਤੇ ਜਦੋਂ ਤੀਕ ਕੋਈ ਮਨੁਖ ਉਸ ਜੀਵਨ ਨੂੰ ਬਤੀਤ ਨਾ ਕਰ ਰਿਹਾ ਹੋਵੇ ਨਿਰਾ ਦਿਮਾਗੀ ਸੋਚ ਨਾਲ ਉਸਨੂੰ ਸਮਝਣਾ ਸੰਭਵ ਨਹੀਂ। ਇਨ੍ਹਾਂ ਕਸਰਾਂ ਕਰ ਕੇ ਇਸ ਪੁਸਤਕ ਵਿੱਚ ਜਿਤਨੀਆਂ ਊਣਤਾਈਆਂ ਹਨ ਉਨ੍ਹਾਂ ਦਾ ਮੈਥੋਂ ਵਧੀਕ ਜਾਣੂ ਹੋਰ ਕੋਈ ਨਹੀਂ। ਪ੍ਰਕਾਸ਼ਤ ਕੇਵਲ ਇਸ ਲਈ ਕੀਤੀ ਜਾਂਦੀ ਹੈ ਕਿ ਹੋਰ ਯੋਗ ਹਿਰਦਿਆਂ ਵਿੱਚ ਇਹ ਨਿਮਾਣਾ ਜਤਨ ਇਸ ਵਿਸ਼ੇ ਨੂੰ ਪੂਰਨਤਾ ਤੀਕ ਪੁਚਾਣ ਦਾ ਉਤਸ਼ਾਹ ਪੈਦਾ ਕਰੇ। ਮੈਂ ਸੱਚੇ ਦਿਲੋਂ ਉਨ੍ਹਾਂ ਵੀਰਾਂ ਦਾ ਧੰਨਵਾਦੀ ਹੋਵਾਂਗਾ ਜੇਹੜੇ ਗੁਰਮਤ ਅਨੁਸਾਰ ਮੇਰੀਆਂ ਭੁੱਲਾਂ ਦੱਸਣ ਦੀ ਖੇਚਲ ਕਰਨਗੇ ਤੇ ਉਨ੍ਹਾਂ ਨੂੰ ਨਿਸਚਾ ਦਿਵਾਂਦਾ ਹਾਂ ਕਿ ਭੁੱਲ ਦੀ ਪ੍ਰਤੀਤੀ ਪੁਰ ਸੁਧਾਈ ਕਰਨ ਵਿਚ ਜਰਾ ਸੰਕੋਚ ਨਹੀਂ ਹੋਵੇਗਾ।

ਮੈਂ ਸੰਤ ਸੰਗਤ ਸਿੰਘ ਜੀ ਕਮਾਲੀਏ ਵਾਲਿਆਂ ਦਾ ਜਿਨ੍ਹਾਂ "ਅਨਹਤ ਸ਼ਬਦ" ਵਾਲੇ ਅਧਿਆਯ ਨੂੰ ਸੁਣਕੇ ਆਪਣੀ ਵਡਮੁਲੀ ਵਿਚਾਰ ਦਵਾਰਾ, ਜੋ ਨਿਰਾ ਪੁਸਤਕਾਂ ਦੀ ਨੀਂਹ ਪੁਰ ਨਹੀਂ ਸੀ ਸਗੋਂ ਪਰਤਾਵਿਆਂ ਨਾਲ ਅਜਮਾਈ ਜਾ ਚੁਕੀ ਸੀ, ਨਿਵਾਜਿਆ ਸਤਿਕਾਰ ਸਹਿਤ ਧੰਨਵਾਦ ਕਰਦਾ ਹਾਂ।

ਵਰਤਮਾਨ ਮਾਨਸਿਕ ਤੇ ਪਦਾਰਥਕ ਖੋਜ ਦੇ ਸਿਟੇ ਦੱਸਣ ਲਈ ਦੋ ਪੁਸਤਕਾਂ ਵਰਤੀਆਂ ਗਈਆਂ ਹਨ। ਇਕ ਦਾ ਨਾਮ *"ਪਦਾਰਥਕ ਸੰਸਾਰ ਦੀ ਅਸਲੀਅਤ" ਕ੍ਰਿਤ ਏ. ਐਸ. ਐਡਿੰਗਟਨ ਐਮ. ਏ. ਐਲ. ਐਲ. ਡੀ. ਸੀ. ਐਫ. ਆਰ. ਐਸ ਹੈ। ਆਪ ਕੈਮਬ੍ਰਿਜ ਯੂਨੀਵਰਸਟੀ

* "The nature of the Physical world" by A.S. Addington M.A., LL.D., D.Sc., F.R.S. Plumian Professor of Astronomy in the University of Cambridge.



ਵਿੱਚ ਐਸਟ੍ਰਾਨਮੀ ਦੇ ਪ੍ਰੋਫੈਸਰ ਹਨ। ਮਾਨਸਿਕ ਖੋਜ ਦੇ ਸਿੱਟੇ ਲੇਖਕ ਨੇ *"ਨਵੀਨ ਮਾਨਸਿਕ ਵਿਦਿਆ ਤੇ ਇਹਦਾ ਜੀਵਨ ਨਾਲ ਸੰਬੰਧ" ਨਾਮੀ ਪੁਸਤਕ ਕ੍ਰਿਤ ਏ. ਜੀ. ਟੈਨਸਲੇ ਐਫ. ਆਰ. ਐਸ, ਵਿਚੋਂ ਲੀਤੇ ਹਨ। ਇਨ੍ਹਾਂ ਦੋਹਾਂ ਪੁਸਤਕਾਂ ਵਿਚ ਸਾਰੀ ਵਰਤਮਾਨ ਪਦਾਰਥਕ ਤੇ ਮਾਨਸਿਕ ਖੋਜ ਨੂੰ ਮੁਖ ਰੱਖ ਕੇ ਵਿੱਦਵਾਨ ਲੇਖਕਾਂ ਮਾਨੁਖੀ ਜੀਵਨ ਤੇ ਸੰਸਾਰਕ ਬਣਤਰ ਬਾਬਤ ਕੁਝ ਨਤੀਜੇ ਕੱਢਣ ਦਾ ਜਤਨ ਕੀਤਾ ਹੈ। ਜਿਥੋਂ ਤੀਕ ਨਿਰੋਲ ਖੋਜ ਦਾ ਜ਼ਿਕਰ ਹੈ ਉੱਥੋਂ ਤੀਕ ਇਨ੍ਹਾਂ ਪੁਸਤਕਾਂ ਵਿੱਚ ਪ੍ਰਮਾਣੀਕ ਖੋਜ ਨੂੰ ਹੀ ਲੀਤਾ ਹੈ। ਹਾਂ ਸੰਸਾਰ ਦੇ ਅਸਲੇ ਤੇ ਜੀਵਨ ਨਾਲ ਸੰਬੰਧ ਬਾਬਤ ਜੋ ਖਿਆਲ ਇਨ੍ਹਾਂ ਪ੍ਰਗਟ ਕੀਤੇ ਹਨ ਉਨ੍ਹਾਂ ਵਿੱਚ ਹੋਰ ਸਾਇੰਸ ਵੇਤਾਵਾਂ ਦਾ ਤੇ ਇਨ੍ਹਾਂ ਦਾ ਮੱਤ ਭੇਦ ਹੋ ਸਕਦਾ ਹੈ। ਮੇਰਾ ਭਾਵ ਕੇਵਲ ਇਹ ਦੱਸਣ ਦਾ ਹੈ ਕਿ ਵਰਤਮਾਨ ਪਦਾਰਥਕ ਤੇ ਮਾਨਸਿਕ ਖੋਜ ਦਾ ਰੁਖ ਕਿਸ ਪਾਸੇ ਜਾ ਰਿਹਾ ਹੈ। ਅਜੇ ਤੀਕ ਭਾਵੇਂ ਸਾਰੇ ਸਾਇੰਸ ਵੇਤਾ ਇਨ੍ਹਾਂ ਲੇਖਕਾਂ ਦੇ ਆਪਣੇ ਖਿਆਲਾਂ ਨੂੰ ਪ੍ਰਮਾਣੀਕ ਨ ਮੰਨਣ, ਪ੍ਰੰਤੂ ਬਹੁਤ ਸਾਰੇ ਇਸ ਲਾਂਭ ਉੜ ਰਹੇ ਹਨ।

ਗੁਰਬਾਣੀ ਦੇ ਪ੍ਰਮਾਣਾਂ ਵਿੱਚ ਜਿੱਥੇ ਸਾਰਾ ਸ਼ਬਦ ਲੀਤਾ ਗਿਆ ਹੈ ਉਥੇ ਉਸਦਾ ਅੰਕ, ਮਹਲਾ ਤੇ ਰਾਗ ਅੰਤ ਵਿੱਚ ਦਿੱਤੇ ਗਏ ਹਨ। ਜੇ ਕਿਸੇ ਸ਼ਬਦ ਵਿਚੋਂ ਕੁਝ ਤੁਕਾਂ ਲਈਆਂ ਹਨ ਤਾਂ ਉਨ੍ਹਾਂ ਤੁਕਾਂ ਦਾ ਅੰਕ ਦੇ ਕੇ ਫਿਰ ਸ਼ਬਦ ਦਾ ਅੰਕ ਮਹਲਾ ਤੇ ਰਾਗ ਦਿਤਾ ਹੈ। ਜੇ ਕਿਸੇ ਸ਼ਬਦ ਵਿੱਚੋਂ ਕੁਝ ਤੁੱਕਾਂ ਛੱਡੀਆਂ ਹਨ ਤਾਂ ਉਹ ਥਾਂ ਖਾਲੀ ਛੱਡ ਕੇ ਬਿੰਦੀਆਂ ਪਾ ਦਿੱਤੀਆਂ ਹਨ। ਵਾਰਾਂ ਵਿਚੋਂ ਜੇ ਕੋਈ ਸਲੋਕ ਲੀਤਾ ਹੈ ਤਾਂ ਉਸਦਾ ਸਾਰਾ ਪਤਾ ਦਿਤਾ ਹੈ, ਪ੍ਰੰਤੂ ਜੇ ਪਉੜੀ ਹੈ ਤਾਂ ਉਹਦਾ ਕੇਵਲ ਅੰਕ ਹੀ ਤੇ ਵਾਰ ਦਾ ਪਤਾ ਦਿੱਤਾ ਹੈ।

ਵਾਹ ਲਗਦੀ ਗੁਰਬਾਣੀ ਨੂੰ ਸ਼ੁਧ ਛਾਪਣ ਦਾ ਯਤਨ ਕੀਤਾ ਗਿਆ ਹੈ। ਅਤੇ ਇਸ ਵਿੱਚ ਬਹੁਤ ਸਾਰੀ ਸਹਾਇਤਾ ਮੈਨੂੰ ਆਪਣੇ ਨੌਜਵਾਨ ਮਿਤ੍ਰ ਭਾਈ ਸਾਹਿਬ ਸਿੰਘ ਜੀ, ਲੈਕਚਰਾਰ ਪੰਜਾਬੀ ਤੇ ਧਰਮ ਵਿੱਦਿਆ ਖਾਲਸਾ ਕਾਲਜ, ਸ੍ਰੀ ਅੰਮ੍ਰਿਤਸਰ ਜੀ, ਪਾਸੋਂ ਪ੍ਰਾਪਤ ਹੋਈ ਹੈ। ਪਰ ਇਸ ਸੋਧ ਵਿੱਚ ਇਕ ਖਤਰਾ ਜੋ ਮੈਨੂੰ ਪ੍ਰਤੀਤ ਹੋਇਆ ਹੈ ਉਸ ਵਲ ਪੰਥ ਦੇ ਮੁਖੀ ਜੱਥਿਆਂ ਦਾ ਖਿਆਲ ਦਿਵਾਏ ਬਿਨਾਂ ਮੈਂ ਨਹੀਂ ਰਹਿ ਸੱਕਦਾ। ਸਸਤਾ ਵੇਚਣ ਦੀ ਦੌੜ ਵਿੱਚ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ

* "The New Psychology and its relation to life", by A.G. Tansley F.R.S.

**TO READ THE ENTIRE BOOK PLEASE CONTACT US:**

whatsapp: +92-3160770117

email: worldcentreforpunjabi@gmail.com

World Centre for Punjabi, Lahore, Pakistan.